Roll No. : ......................................

Total No. of Questions : **12** ] [ Total No. of Printed Pages : **4**

# A–345

## B.A. (Part-III) Examination, 2022
## PUNJABI

Paper - II

*Time : 3 Hours* ] [ *Maximum Marks : 100*

**Section–A** **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)** **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B** **(Marks : 8 × 5 = 40)**

***Note*** :– Answer any *five* questions out of seven (Answer limit **200** words). Each question carries **8** marks.

**(खण्ड–ब)** **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C** **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)** **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ–ੳ

1. ਹੇਠ ਲਿਖੇ ਸਾਰੇ ਸੁਆਲਾਂ ਦੇ ਜੁਆਬ ਦਿਉ। ਹਰ ਸੁਆਲ ਦਾ ਉੱਤਰ 50 ਸ਼ਬਦਾਂ ਤੋਂ ਜਿਆਦਾ ਨਾ ਹੋਵੇ। ਹਰ ਸੁਆਲ ਦੇ ਅੰਕ 2 ਹਨ।

   (ੳ) ਖੁਲ੍ਹੀ ਕਵਿਤਾ ਲਿਖਣ ਦੀ ਪਹਿਲ ਕਿਹੜੇ ਕਵੀ ਨੇ ਕੀਤੀ ?

   (ਅ) ਨਿੱਕੀ ਕਵਿਤਾ ਦਾ ਵੱਡਾ ਕਵੀ ਕਿਸਨੂੰ ਕਿਹਾ ਜਾਂਦਾ ਹੈ ?

   (ੲ) ਪ੍ਰਗਤੀਵਾਦ ਨਾਲ ਸੰਬੰਧਿਤ ਦੋ ਕਵੀਆਂ ਦੇ ਨਾਂ ਲਿਖੋ ?

   (ਸ) ਪੰਜਾਬੀ ਦੇ ਪ੍ਰਮੁੱਖ ਚਾਰ ਕਹਾਣੀਕਾਰਾਂ ਦੇ ਨਾਂ ਲਿਖੋ ?

   (ਹ) ਸਭਿਆਚਾਰ ਦੇ ਸਭਿਅਤਾ ਵਿਚ ਕੀ ਅੰਤਰ ਹੈ ?

   (ਕ) ਨਾਵਲ ਤੇ ਨਾਟਕ ਵਿਚ ਕੀ ਅੰਤਰ ਹੈ ?

   (ਖ) ਅਰਬੀ ਗਜ਼ਲ ਤੇ ਪੰਜਾਬੀ ਗਜ਼ਲ ਵਿਚ ਦੋ ਫਰਕ ਦਸੋ ?

   (ਗ) ਸਵੈ-ਜੀਵਨੀ ਦੀਆਂ ਦੋ ਵਿਸ਼ੇਸ਼ਤਾਵਾਂ ਦਸੋ ?

   (ਘ) ਰੋਮਾਂਸਵਾਦ ਤੇ ਯਥਾਰਥਵਾਦ ਵਿਚ ਕੀ ਅੰਤਰ ਹੈ ?

   (ਙ) ਪੰਜਾਬੀ ਦੇ ਪਹਿਲੇ ਨਾਟਕਕਾਰ ਤੇ ਨਾਟਕ ਦਾ ਨਾਂ ਦੱਸੋ ? $10\times2=20$

## ਭਾਗ–ਅ

**ਨੋਟ :** ਹੇਠ ਲਿਖੇ ਸੁਆਲਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਦਿਉ। ਹਰੇਕ ਸੁਆਲ ਦੇ 8 ਅੰਕ ਹਨ।

2. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

   ਪਟਿਆਲੇ ਦੀ ਸੈਂਟਰਲ ਪਬਲਿਕ ਲਾਇਬਰੇਰੀ ਨੇ ਮੇਰੇ ਜੀਵਨ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਯੂਨੀਵਰਸਿਟੀ ਪੜ੍ਹਨ ਤੋਂ ਪਹਿਲਾਂ ਅਤੇ ਮਗਰੋਂ ਵੀ ਮੈਂ ਲਗਭਗ ਵੀਹ ਸਾਲ, ਇਸ ਲਾਇਬਰੇਰੀ ਨਾਲ ਜੁੜਿਆ ਰਿਹਾ ਸਾਂ। ਇਨ੍ਹਾਂ ਅਨੁਭਵਾਂ ਕਾਰਨ ਨਿਰਾਸਤਾ ਵਾਲੀ ਸਥਿਤੀ, ਉਤਸ਼ਾਹ ਵਾਲਾ ਅਨੁਭਵ ਬਣ ਜਾਂਦੀ ਸੀ। 'ਪ੍ਰੀਤਲੜੀ' ਰਿਸਾਲੇ ਦਾ ਮੇਰੇ ਉਤੇ ਪੰਜੀ ਵਰ੍ਹੇ ਪ੍ਰਭਾਵ ਰਿਹਾ। ਮੇਰੇ ਲਈ ਪੜ੍ਹਨਾ ਅਤੇ ਪੜ੍ਹਾਈ, ਕੋਈ ਸਮੱਸਿਆ

ਨਹੀਂ ਸੀ। ਆਪਣੀ ਪੜ੍ਹਾਈ ਲਈ ਖਰਚਿਆਂ ਦਾ ਪ੍ਰਬੰਧ ਮੈਂ ਸੌਖਿਆਂ ਹੀ ਕਰ ਲੈਂਦਾ ਸਾਂ। ਜਿਸ ਕੰਮ ਵਿਚ ਡੂੰਘੀ ਦਿਲਚਸਪੀ ਹੋਵੇ, ਉਹ ਕੰਮ ਕਦੇ ਔਖਾ ਨਹੀਂ ਹੁੰਦਾ। ਪਰਿਵਾਰ ਦੀ ਮਾਇਕ ਮਦਦ ਕਰਨ ਦੀ ਕਦੇ-ਕਦੇ ਚਿੰਤਾ ਹੁੰਦੀ ਸੀ ਪਰ ਸਮੁੱਚੇ ਰੂਪ ਵਿਚ ਮੁਸ਼ਕਿਲਾਂ ਦੇ ਬਾਵਜੂਦ ਮੈਂ ਪ੍ਰਸੰਨ ਸਾਂ ਅਤੇ ਚੜ੍ਹਦੀ ਕਲਾ ਵਿਚ ਵਿਚਰਦਾ ਸਾਂ ਅਤੇ ਉਤਸ਼ਾਹ ਵਾਲਾ ਜੀਵਨ ਜਿਉਂਦਾ ਸਾਂ। 8

3. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦਸਦੇ ਹੋਏ ਇਨ੍ਹਾਂ ਨੂੰ ਵਾਕਾਂ ਵਿਚ ਵਰਤੋ :

   (ੳ) ਅੱਡੀ ਚੋਟੀ ਦਾ ਜ਼ੋਰ ਲਾਉਣਾ

   (ਅ) ਸਬਰ ਦਾ ਘੁੱਟ ਭਰਨਾ

   (ੲ) ਕੱਚੀਆਂ ਗੋਲੀਆਂ ਖੇਡਣਾ

   (ਸ) ਕੰਨ ਤੱਕ ਮੂੰਹ ਪਾਟਣਾ

   (ਹ) ਦਮਗਜੇ ਮਾਰਨਾ

   (ਕ) ਦਿਲਦਾ ਬਾਦਸ਼ਾਹ ਹੋਣਾ

   (ਖ) ਪਾਣੀ ਪੀ-ਪੀ ਕੇ ਕੋਸਣਾ

   (ਗ) ਬਲਦੀ 'ਤੇ ਤੇਲ ਪਾਉਣਾ 8

4. ਹੇਠ ਲਿਖੇ ਅਖਾਣਾਂ ਦੇ ਅਰਥ ਦਸ ਕੇ ਉਨਾਂ ਨੂੰ ਵਾਕਾਂ ਵਿਚ ਵਰਤੋ :

   (ੳ) ਓਸੇ ਦੀ ਜੁੱਤੀ ਤੇ ਓਸੇ ਦਾ ਸਿਰ

   (ਅ) ਅਸਮਾਨ ਤੋਂ ਡਿੱਗੀ ਖਜੂਰ 'ਤੇ ਅਟਕੀ

   (ੲ) ਇਹ ਮੂੰਹ ਤੇ ਮਸਰਾਂ ਦੀ ਦਾਲ

   (ਸ) ਸੱਪਾਂ ਦੇ ਸਾਹਮਣੇ ਦੀਵੇ ਨਹੀਂ ਬਲਦੇ

   (ਹ) ਹੱਥ ਕਾਰ ਵਲ ਚਿੱਤ ਯਾਰ ਵੱਲ

   (ਕ) ਕਰਮਾਂ ਵਾਲੀ ਨੂੰਹ ਕੰਧਾਂ ਵੱਲ ਮੂੰਹ

(ਖ) ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ

(ਗ) ਗੱਲੀ ਅਸੀਂ ਚੰਗੀਆਂ ਅਚਾਹੀ ਬੁਰੀਆਂ 8

5. ਕਵਿਤਾ ਦਾ ਅਰਥ ਦਸਦੇ ਹੋਏ ਪਰਿਭਾਸ਼ਾਵਾਂ ਦਿਓ। 8

6. ਨਿੱਕੀ ਕਹਾਣੀ ਨੂੰ ਨਿੱਕੀ ਕਹਾਣੀ ਕਿਉਂ ਕਹਿੰਦੇ ਹਨ। 8

7. ਗਜ਼ਲ ਦੀ ਪਰਿਭਾਸ਼ਾ ਦਿਉ ਤੇ ਨਾਲ ਮੀਟਰ ਬਾਰੇ ਦਸੋ। 8

8. ਗੀਤ ਤੇ ਪ੍ਰਗੀਤ ਵਿਚ ਕੀ ਅੰਤਰ ਹੈ ? 8

**ਭਾਗ–ੲ**

**ਨੋਟ:** ਹੇਠ ਲਿਖੇ ਸੁਆਲਾਂ ਵਿਚੋਂ ਕੋਈ ਦੋ ਸੁਆਲ ਕਰੋ। ਹਰ ਸੁਆਲ ਦਾ ਜੁਆਬ 500 ਸ਼ਬਦਾਂ ਵਿਚ ਲਿਖੋ। ਹਰੇਕ ਸੁਆਲ 20 ਅੰਕਾਂ ਦਾ ਹੈ।

9. ਹੇਠ ਲਿਖੇ ਕਵੀਆਂ ਵਿਚੋਂ ਕਿਸੇ ਇਕ ਕਵੀ ਦੇ ਜੀਵਨ, ਰਚਨਾ ਅਤੇ ਕਲਾ ਬਾਰੇ ਵਿਸਥਾਰ ਨਾਲ ਲਿਖੋ।

(i) ਭਾਈ ਵੀਰ ਸਿੰਘ

(ii) ਪ੍ਰੋ. ਮੋਹਨ ਸਿੰਘ 20

10. ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਉਲੀਕੋ। 20

11. ਸਫਰਨਾਮੇ ਦੀ ਪਰਿਭਾਸ਼ਾ ਦੇਂਦੇ ਹੋਏ ਇਸਦੇ ਤੱਤਾਂ ਦਾ ਵਰਣਨ ਕਰੋ। 20

12. (i) ਨਿਬੰਧ ਦੇ ਰੂਪਾਕਾਰ ਬਾਰੇ ਲਿਖੋ। 10

(ii) ਜੀਵਨੀ ਦੀ ਪਰਿਭਾਸ਼ਾ ਦੇਂਦੇ ਹੋਏ ਇਸਦੇ ਲੱਛਣਾਂ ਬਾਰੇ ਲਿਖੋ। 10